Punjab Board

SYLLABUS

2023-2024

ਸ਼੍ਰੇਣੀ : ਨੌਵੀਂ

ਖੇਤੀਬਾੜੀ

ਸਮਾਂ : 2½ ਘੰਟੇ | **ਲਿਖਤੀ ਪ੍ਰੀਖਿਆ : 50 ਅੰਕ**

ਸਮਾਂ : 2 ਘੰਟੇ | **ਪ੍ਰਯੋਗੀ ਪ੍ਰੀਖਿਆ : 30 ਅੰਕ**

ਆਂਤਰਿਕ ਮੁਲਾਂਕਣ : 20 ਅੰਕ

ਪਾਠਕ੍ਰਮ

ਲਿਖਤੀ

1. **ਸਾਉਣੀ ਦੀਆਂ ਫ਼ਸਲਾਂ :** ਸਾਉਣੀ ਦੀਆਂ ਫ਼ਸਲਾਂ ਝੋਨਾ, ਮੱਕੀ, ਮੂੰਗੀ, ਮਾਂਹ, ਸੋਇਆਬੀਨ, ਮੂੰਗਫਲੀ, ਕਪਾਹ, ਕਮਾਦ, ਜੁਆਰ, ਬਾਜਰਾ ਆਦਿ ਦੀ ਕਾਸ਼ਤ ।
2. **ਸਾਉਣੀ ਦੀਆਂ ਸਬਜ਼ੀਆਂ :** ਸਬਜ਼ੀਆਂ ਦੀ ਮਹੱਤਤਾ, ਸਾਉਣੀ ਦੀਆਂ ਸਬਜ਼ੀਆਂ ਮਿਰਚ, ਟਮਾਟਰ, ਬੈਂਗਣ, ਭਿੰਡੀ, ਕੱਦੂ ਜਾਤੀ ਦੀਆਂ ਸਬਜ਼ੀਆਂ ਚੱਪਣ ਕੱਦੂ, ਘੀਆ ਕੱਦੂ, ਕਰੇਲਾ, ਘੀਆ ਤੋਰੀ, ਪੇਠਾ, ਖੀਰਾ, ਤਰ, ਟੀਂਡਾ, ਖਰਬੂਜਾ ਦੀ ਕਾਸ਼ਤ ਕਰਨਾ ।
3. **ਫੁੱਲਾਂ ਦੀ ਕਾਸ਼ਤ :** ਮਨੁੱਖੀ ਜੀਵਨ ਵਿੱਚ ਫੁੱਲਾਂ ਦਾ ਮਹੱਤਵ । ਡੰਡੀ ਵਾਲੇ ਫੁੱਲਾਂ ਗਲੈਡਿਓਲਸ, ਗੁਲਦਾਉਦੀ, ਜ਼ਰਬਰਾ ਅਤੇ ਗੁਲਾਬ ਆਦਿ ਦੀ ਕਾਸ਼ਤ । ਡੰਡੀ ਰਹਿਤ ਫੁੱਲਾਂ ਗੇਂਦਾ, ਰਜਨੀਗੰਧਾ ਅਤੇ ਮੋਤੀਆ ਆਦਿ ਦੀ ਕਾਸ਼ਤ ।
4. **ਖੇਤੀ ਉਤਪਾਦਾਂ ਦਾ ਮੰਡੀਕਰਨ :** ਸੁਚੱਜੇ ਮੰਡੀਕਰਨ ਦਾ ਮਹੱਤਵ । ਖੇਤੀ ਜਿਣਸਾਂ ਦੇ ਮੰਡੀਕਰਨ ਸਮੇਂ ਧਿਆਨ ਰੱਖਣ ਯੋਗ ਨੁਕਤੇ ।
5. **ਬੀਜ, ਖਾਦ ਅਤੇ ਕੀੜੇਮਾਰ ਜ਼ਹਿਰਾਂ ਦਾ ਕੁਆਲਟੀ ਕੰਟਰੋਲ :** ਸੀਡ ਕੰਟਰੋਲ ਆਰਡਰ ਦੀਆਂ ਧਾਰਾਵਾਂ, ਬੀਜ ਇੰਸਪੈਕਟਰ ਦੇ ਅਧਿਕਾਰ, ਕਿਸਾਨਾਂ ਦੇ ਹੱਕ, ਬੀਜਾਂ ਦੀ ਵਿਕਰੀ ਸਬੰਧੀ ਨੁਕਤੇ, ਬੀਜਾਂ ਦਾ ਪ੍ਰਮਾਣੀਕਰਨ । ਖਾਦ ਕੰਟਰੋਲ ਆਰਡਰ । ਕੀਟਨਾਸ਼ਕ ਐਕਟ । ਬੀਜ, ਖਾਦ ਅਤੇ ਕੀੜੇਮਾਰ ਜ਼ਹਿਰਾਂ ਦੀ ਪਰਖ ਲਈ ਪ੍ਰਯੋਗਸ਼ਾਲਾਵਾਂ ।
6. **ਪਸ਼ੂ ਪਾਲਣ :** ਪਸ਼ੂ ਪਾਲਣ ਦਾ ਮਹੱਤਵ, ਪੰਜਾਬ ਵਿੱਚ ਦੁੱਧ ਉਤਪਾਦਨ ਦੀ ਸਥਿਤੀ, ਲਵੇਰਿਆਂ ਦਾ ਨਸਲ ਸੁਧਾਰ, ਲਵੇਰਿਆਂ ਦੀ ਚੋਣ, ਗਊਆਂ (ਦੇਸੀ ਅਤੇ ਵਿਦੇਸ਼ੀ) ਅਤੇ ਮੱਝਾਂ ਦੀਆਂ ਨਸਲਾਂ, ਖੁਰਾਕ, ਵੰਡ, ਸ਼ੈੱਡ, ਸਾਂਭਸੰਭਾਲ, ਸਾਫ਼ ਸੁਥਰਾ ਦੁੱਧ ਪੈਦਾ ਕਰਨਾ । ਰਾਸ਼ਨ ਖੁਆਉਣ ਲਈ ਜ਼ਰੂਰੀ ਨੁਕਤੇ, ਦੁੱਧ ਦੀ ਸੰਭਾਲ । ਵਾਧੂ ਚਾਰੇ ਤੋਂ ਹੇਅ ਅਤੇ ਅਚਾਰ (ਸਾਈਲੇਜ) ਬਣਾਉਣਾ ।
7. **ਦੁੱਧ ਅਤੇ ਦੁੱਧ ਤੋਂ ਬਣਨ ਵਾਲੇ ਪਦਾਰਥ :** ਦੁੱਧ ਦੀ ਮਹੱਤਤਾ, ਮੰਡੀਕਰਨ, ਛੋਟੇ ਪੱਧਰ ਤੇ ਦੁੱਧ ਤੋਂ ਹੋਰ ਪਦਾਰਥ ਬਣਾਉਣਾ ਅਤੇ ਉਹਨਾਂ ਦਾ ਮੰਡੀਕਰਨ ਕਰਨਾ ।
8. **ਮੁਰਗੀ ਪਾਲਣ :** ਪੋਲਟਰੀ, ਮੁਰਗੀਆਂ ਦੀਆਂ ਨਸਲਾਂ, ਚੂਚਿਆਂ ਦੀ ਸੰਭਾਲ, ਮੁਰਗੀਆਂ ਦੀ ਖੁਰਾਕ, ਮੁਰਗੀ ਪਾਲਣ ਪ੍ਰਬੰਧ, ਮੁਰਗੀ ਪਾਲਣ ਸਬੰਧੀ ਸਿਖਲਾਈ ਅਤੇ ਕਰਜ਼ਾ ਸਹੂਲਤਾਂ ।
9. **ਸੂਰ, ਭੇਡਾਂ/ਬੱਕਰੀਆਂ ਅਤੇ ਖਰਗੋਸ਼ ਪਾਲਣ :** ਸੂਰ, ਭੇਡਾਂ, ਬੱਕਰੀਆਂ ਅਤੇ ਖਰਗੋਸ਼ਾਂ ਦੀਆਂ ਉੱਨਤ ਨਸਲਾਂ, ਖੁਰਾਕ ਅਤੇ ਵਾੜੇ/ਸ਼ੈੱਡ/ਪਿੰਜਰਿਆਂ ਆਦਿ ਸਬੰਧੀ ਜਾਣਕਾਰੀ ।
10. **ਮੱਛੀ ਪਾਲਣ :** ਮੱਛੀਆਂ ਦੀਆ ਦੇਸੀ ਅਤੇ ਵਿਦੇਸ਼ੀ ਕਿਸਮਾਂ, ਛੱਪੜ ਲਈ ਜਗ੍ਹਾ ਦੀ ਚੋਣ, ਛੱਪੜ ਦਾ ਡਿਜ਼ਾਈਨ ਅਤੇ ਪੁਟਾਈ । ਨਦੀਨਾਂ ਦਾ ਖਾਤਮਾ, ਖੁਰਾਕ ਆਦਿ ਸਬੰਧੀ ਜਾਣਕਾਰੀ ।
11. **ਕੁੱਝ ਨਵੇਂ ਖੇਤੀ ਵਿਸ਼ੇ :** ਜੀ. ਐੱਮ. ਫ਼ਸਲਾਂ, ਪੌਦ ਕਿਸਮ ਅਤੇ ਕਿਸਾਨ ਅਧਿਕਾਰ ਸੁਰੱਖਿਆ ਕਾਨੂੰਨ, ਸੂਖ਼ਮ ਖੇਤੀ, ਜਲਵਾਯੂ ਪਰਿਵਰਤਨ ਦੇ ਖੇਤੀਬਾੜੀ 'ਤੇ ਪ੍ਰਭਾਵ ਆਦਿ ।

ਪ੍ਰਯੋਗੀ

1. ਖੇਤਾਂ ਵਿੱਚ ਜਾ ਕੇ ਸਾਉਣੀ ਦੀਆਂ ਵੱਖਵੱਖ ਫ਼ਸਲਾਂ ਦੀ ਕਾਸ਼ਤ ਬਾਰੇ ਜਾਣਕਾਰੀ ਪ੍ਰਾਪਤ ਕਰਨਾ ।
2. ਸਕੂਲ ਜਾਂ ਘਰ ਵਿੱਚ ਪੋਸ਼ਟਿਕ ਸਬਜ਼ੀਆਂ ਦੀ ਬਗੀਚੀ ਤਿਆਰ ਕਰਨਾ ।
3. ਸਕੂਲ ਵਿੱਚ ਗਰਮੀਆਂ, ਬਰਸਾਤ ਅਤੇ ਸਰਦੀ ਰੁੱਤ ਦੇ ਫੁੱਲ ਉਗਾਉਣਾ ਅਤੇ ਉਹਨਾਂ ਦੀ ਸੰਭਾਲ ਕਰਨਾ ।
4. ਅਨਾਜ ਮੰਡੀ ਵਿੱਚ ਜਾ ਕੇ ਜਿਣਸ ਦੇ ਸੁਚੱਜੇ ਮੰਡੀਕਰਨ ਬਾਰੇ ਜਾਣਕਾਰੀ ਪ੍ਰਾਪਤ ਕਰਨਾ ।
5. ਬੀਜ, ਖਾਦਾਂ ਅਤੇ ਖੇਤੀ ਜ਼ਹਿਰਾਂ ਦੀ ਪਛਾਣ ਅਤੇ ਉਹਨਾਂ ਦੀ ਸਹੀ ਵਰਤੋਂ ਬਾਰੇ ਜਾਣਕਾਰੀ ਦੇਣਾ ।
6. ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਡੇਅਰੀ ਫਾਰਮ ਜਾਂ ਕਿਸੇ ਨੇੜੇ ਆਧੁਨਿਕ ਡੇਅਰੀ ਫਾਰਮ ਵਿੱਚ ਜਾ ਕੇ ਲਵੇਰਿਆਂ ਦੀਆਂ ਨਸਲਾਂ, ਖੁਰਾਕ, ਸਾਂਭਸੰਭਾਲ ਅਤੇ ਬੀਮਾਰੀਆਂ ਤੋਂ ਬਚਾਓ ਆਦਿ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ ।
7. ਸਕੂਲ ਵਿੱਚ ਦੁੱਧ ਤੋਂ ਖੋਆ, ਪਨੀਰ, ਦਹੀਂ ਅਤੇ ਘਿਉ ਆਦਿ ਤਿਆਰ ਕਰਨਾ । ਕਿਸੇ ਨੇੜੇ ਮਿਲਕ ਪਲਾਂਟ ਵਿੱਚ ਜਾ ਕੇ ਮਿਲਕ ਪ੍ਰੋਸੈਸਿੰਗ ਬਾਰੇ ਜਾਣਕਾਰੀ ਪ੍ਰਾਪਤ ਕਰਨਾ ।
8. ਕਿਸੇ ਮੁਰਗੀਖਾਨੇ ਵਿੱਚ ਜਾ ਕੇ ਮੁਰਗੀ ਪਾਲਣ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ । ਮੁਰਗੀਆਂ ਦੀ ਖੁਰਾਕ ਬਣਾਉਣ ਵਾਲੀ ਫੈਕਟਰੀ ਵਿੱਚ ਜਾ ਕੇ ਉਸ ਵਿੱਚ ਵਰਤੇ ਜਾਣ ਵਾਲੇ ਵੱਖਵੱਖ ਪਦਾਰਥਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ।
9. ਸੂਰ ਫਾਰਮ, ਭੇਡ/ਬੱਕਰੀ ਫਾਰਮ ਅਤੇ ਖਰਗੋਸ਼ ਫਾਰਮ ਵਿੱਚ ਜਾ ਕੇ ਉੱਨਤ ਨਸਲਾਂ, ਸਾਂਭਸੰਭਾਲ ਅਤੇ ਬਿਮਾਰੀਆਂ ਤੋਂ ਬਚਾਓ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ ।
10. ਮੱਛੀ ਪਾਲਣ ਫਾਰਮ ਵਿਖੇ ਜਾ ਕੇ ਮੱਛੀਆਂ ਦੀਆਂ ਦੇਸੀ ਅਤੇ ਵਿਦੇਸ਼ੀ ਕਿਸਮਾਂ, ਬੱਚ, ਖੁਰਾਕ, ਛੱਪੜ ਅਤੇ ਕਰਜ਼ਾ ਸਹੂਲਤਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ।